ਬੱਚਿਆਂ ਲਈ ਬਾਈਬਲ

ਉਪੱਸਥਿਤ

# ਯਿਰਮਿਯਾਹ, ਦੁੱਖਾਂ ਵਾਲਾ ਆਦਮੀ



ਦੁਆਰਾ ਲਿਖਿਆ ਗਿਆ : Edward Hughes

ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : Jonathan Hay

ਦੁਆਰਾ ਬਦਲਿਆ ਗਿਆ : Mary-Anne S.

ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque

ਦੁਆਰਾ ਬਣਾਇਆ ਗਿਆ : Bible for Children
www.M1914.org

©2017 Bible for Children, Inc.
ਆਗਿਆ ਦੇਣੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।

ਯਿਰਮਿਯਾਹ ਯਹੂਦਾ ਦੀ ਪਾਤਸ਼ਾਹੀ ਵਿੱਚ
ਇੱਕ ਧਰਮੀ ਘਰ ਵਿੱਚ ਪੈਦਾ ਹੋਇਆ
ਸੀ। ਉਸਦਾ ਪਿਤਾ, ਹਿਲਕੀਯਾਹ,
ਇੱਕ ਯਾਜਕ ਸੀ। ਉਹ
ਪਰਿਵਾਰ ਅਨਥੋਥ ਨਾ ਦੇ ਨਗਰ
ਵਿੱਚ ਰਹਿੰਦਾ ਸੀ, ਜੋ ਯਰੂਸ਼ਲਮ
ਤੋਂ ਦੂਰ ਨਹੀ ਸੀ। ਸ਼ਾਇਦ
ਯਿਰਮਿਯਾਹ ਦੇ ਪਰਿਵਾਰ ਨੇ
ਸੋਚਿਆ ਹੋਣਾ ਕੀ ਉਹ ਵੀ ਵੱਡਾ
ਹੋ ਕੇ ਇੱਕ ਯਾਜਕ ਬਣੇਗਾ। ਪਰ
ਪਰਮੇਸ਼ਵਰ ਦੀ ਹੋਰ ਯੋਜਨਾਂ ਸੀ।





ਯਿਰਮਿਯਾਹ ਦੇ
ਜਨਮ ਦੇ ਵੇਲੇ,
ਪਰਮੇਸ਼ਵਰ ਦੇ ਲੋਕ
ਪਰਮੇਸ਼ਵਰ ਦੀ
ਮਰਜ਼ੀ ਨਾਲ ਨਹੀਂ
ਜ਼ੀਉਦੇ ਸਨ।



ਜਦ ਯਿਰਮਿਯਾਹ ਇੱਕ ਜਵਾਨ ਮਨੁੱਖ ਸੀ, ਪਰਮੇਸ਼ਵਰ ਉਸ ਨਾਲ ਬੋਲਿਆ। “ਮੈਂ ਤੈਨੂੰ ਜਨਮ ਤੋਂ ਪਹਿਲਾਂ ਹੀ ਜਾਣਦਾ ਸੀ,” ਪਰਮੇਸ਼ਵਰ ਨੇ ਯਿਰਮਿਯਾਹ ਨੂੰ ਆਖਿਆ, “ਅਤੇ ਤਦ ਮੈਂ ਯੋਜਨਾ ਬਣਾਈ ਕੀ ਤੂੰ ਮੇਰੇ ਲਈ ਬੋਲੇਂਗਾ।”



ਪਰਮੇਸ਼ਵਰ ਦੀ ਬੁਲਾਹਟ ਨੇ ਯਿਰਮਿਯਾਹ ਨੂੰ ਡਰਾ ਦਿੱਤਾ। “ਕਿਵੇਂ, ਯਹੋਵਾ ਪਰਮੇਸ਼ਵਰ!” ਉਹ ਚਿਲਾਇਆ। “ਮੈਂ ਨਹੀ ਬੋਲ ਸਕਦਾ, ਕਿਉਂਕਿ ਮੈਂ ਬੱਚਾ ਹਾਂ।”



ਉਹ ਬੱਚੇ ਨਾਲੋਂ
ਵੱਧਕੇ ਸੀ - ਉਹ
ਵੀਹ ਸਾਲ (20)
ਦਾ ਸੀ। ਪਰ
ਯਿਰਮਿਯਾਹ ਨੇ
ਨਹੀ ਸੋਚਿਆ ਸੀ
ਉਹ ਪਰਮੇਸ਼ਵਰ
ਲਈ ਆਪਣੇ ਚਾਰੇ
ਪਾਸੇ ਦੇ ਦੁਸ਼ਟ ਲੋਕਾ
ਨੂੰ ਬੋਲੇਗਾ।


“ਨਾ ਡਰੀਂ,” ਪਰਮੇਸ਼ਵਰ ਨੇ ਉਸਨੂੰ ਪੱਕਾ ਕੀਤਾ। “ਉੱਥੇ ਜਾਹ ਜਿੱਥੇ ਮੈਂ ਤੈਨੂੰ ਭੇਜਾਂਗਾ।
ਉਹ ਕਹਿਣਾਜੋ ਮੈਂ ਤੈਨੂੰ ਕਹਿਣ ਲਈ ਕਹਾਂ।

ਮੈਂ ਤੇਰੇ ਨਾਲ ਹਾਂ ਅਤੇ ਮੈਂ ਤੈਨੂੰ ਛੁਡਾਵਾਂਗਾ।" ਤਦ ਪਰਮੇਸ਼ਵਰ ਨੇ ਕੁਝ ਖਾਸ ਕੀਤਾ।



ਪਰਮੇਸ਼ਵਰ ਨੇ ਯਿਰਮਿਯਾਹ ਦੇ ਮੂੰਹ ਨੂੰ ਛੂਹਿਆ।

ਪਰਮੇਸ਼ਵਰ ਨੇ ਯਿਰਮਿਯਾਹ ਨੂੰ ਤਾਕਤ, ਹੌਂਸਲਾ ਅਤੇ ਬੁੱਧੀ ਦਿੱਤੀ। ਉਹ ਨਿਡਰ ਹੋ ਕੇ ਬੋਲਿਆ, ਲੋਕਾਂ ਨੂੰ ਯਾਦ ਕਰਵਾਇਆ ਕੀ ਪਰਮੇਸ਼ਵਰ ਤੁਹਾਨੂੰ ਪਿਆਰ ਕਰਦਾ ਹੈ ਅਤੇ ਤੁਹਾਡੀ ਸਹਾਇਤਾ ਕਰਨੀ ਚਾਹੁੰਦਾ ਹੈ। ਪਰ ਉਸਦੀ ਕਿਸੇ ਨੇ ਨਾਂ ਸੁਣੀ। ਇੱਥੋਂ ਤੱਕ ਬਾਦਸ਼ਾਹ ਨੇ ਵੀ ਨਹੀ।



ਇੱਥੋਂ ਤੱਕ ਯਾਜਕਾਂ ਨੂੰ ਗੁੱਸਾ ਆਇਆ ਅਤੇ ਉਸਨੂੰ ਆਖਿਆ ਪਰਮੇਸ਼ਵਰ ਦੇ ਬਾਰੇ ਬੋਲਣਾਂ ਬੰਦ ਕਰ ਦੇਵੇ। ਉੱਥੇ ਝੂਠੇ ਨਬੀ ਵੀ ਸਨ ਜਿਹਨਾਂ ਨੇ ਆਖਿਆ ਕੀ ਯਿਰਮਿਯਾਹ ਸੱਚ ਨਹੀਂ ਬੋਲ ਰਿਹਾ।



ਯਿਰਮਿਯਾਹ ਨੇ ਲੋਕਾਂ ਨੂੰ ਯਾਦ ਕਰਵਾਇਆ, ਸੌ ਸਾਲ ਪਹਿਲਾਂ ਦੇ ਬਾਰੇ, ਇਸਰਾਈਲ ਦੀ ਉੱਤਰੀ ਪਾਤਸ਼ਾਹੀ ਨੇ ਪਰਮੇਸ਼ਵਰ ਨੂੰ ਛੱਡ ਦਿੱਤਾ। ਉਹਨਾਂ ਦੇ ਅਸੀਰੀ ਦੁਸ਼ਮਣਾਂ ਨੇ ਉਹਨਾਂ ਨੂੰ ਬੰਦੀ ਬਣਾਇਆ ਅਤੇ ਸਾਰੇ ਇਸਰਾਈਲਿਆਂ ਨੂੰ ਦੂਰ ਦੇਸ਼ ਨੂੰ ਲੈ ਗਏ।




ਹੁਣ ਯਹੂਦਾ ਦੇ ਲੋਕ, ਦੱਖਣੀ
ਪਾਤਸ਼ਾਹੀ ਨੇ
ਪਰਮੇਸ਼ਵਰ ਨੂੰ ਛੱਡ ਦਿੱਤਾ।
ਦੁਸ਼ਮਣ ਸੈਨਾ ਪਹਿਲਾਂ ਹੀ
ਰਾਹ ਵਿੱਚ ਸੀ। ਕੀ
ਪਰਮੇਸ਼ਵਰ ਨੇ ਆਪਣੇ
ਲੋਕਾਂ ਨੂੰ ਬੰਦੀ ਬਣਾਂ ਕੇ
ਗੁਲਾਮੀ ਵਿੱਚ ਜਾਣ ਦੀ
ਇਜਾਜਤ ਦਿੱਤੀ?

ਲੋਕਾਂ ਨੇ ਬੁੱਤਾਂ ਤੇ ਭਰੋਸਾ ਕੀਤਾ। ਕੀ ਬੁੱਤ ਉਹਨਾਂ ਦੇ ਦੁਸ਼ਮਣਾਂ ਤੋ ਉਹਨਾਂ ਨੂੰ ਬਚਾ ਸਕਦੇ ਸੀ? ਨਹੀ! ਸਿਰਫ਼ ਪਰਮੇਸ਼ਵਰ ਬਚਾ ਸਕਦਾ ਸੀ।



ਲੋਕਾਂ ਨੂੰ ਯਿਰਮਿਯਾਹ ਤੇ ਬਹੁਤ ਗੁੱਸਾ ਆਇਆ, ਉਹਨਾਂ ਨੇ ਉਸਨੂੰ ਮਾਰਨ ਦੀ ਯੋਜਨਾ ਬਣਾਈ। ਪਰ ਪਰਮੇਸ਼ਵਰ ਨੇ ਆਪਣੇ ਦਾਸ ਨੂੰ ਬਚਾਇਆ।



ਅੰਤ ਵਿੱਚ ਪਰਮੇਸ਼ਵਰ ਨੇ ਕੁਝ ਆਖਿਆਂ
ਜਿਸ ਨੇ ਯਿਰਮਿਯਾਹ ਨੂੰ ਸੱਚ
ਮੁੱਚ ਹੈਰਾਨ ਕੀਤਾ ਹੋਵੇਗਾ।
ਪਰਮੇਸ਼ਵਰ ਨੇ ਆਖਿਆ,
“ਇਹਨਾਂ ਲੋਕਾਂ ਲਈ
ਪ੍ਰਾਥਨਾਂ ਨਾ ਕਰ। ਜਦ
ਉਹ ਮੈਨੂੰ ਮਦਦ
ਲਈ ਪੁਕਾਰਣਗੇ
ਮੈਂ ਉਹਨਾਂ ਦੀ
ਨਹੀ ਸੁਣਾਗਾ।”



ਯਿਰਮਿਯਾਹ ਨੇ ਬਾਦਸ਼ਾਹ ਨੂੰ ਚੇਤਾਵਨੀ ਦਿੱਤੀ ਉਹ ਬੇਬੀਲੋਨ ਦੀ ਸੈਨਾਂ ਤੋਂ ਲੜਾਈ ਹਾਰ ਜਾਵੇਗਾ। ਬਾਦਸ਼ਾਹ ਨੂੰ ਗੁੱਸਾ ਆਇਆ ਅਤੇ ਯਿਰਮਿਯਾਹ ਨੂੰ ਜ਼ੇਲ ਵਿੱਚ ਸੁੱਟ ਦਿੱਤਾ।



ਜ਼ੇਲ ਦੇ ਵਿੱਚ ਵੀ ਯਿਰਮਿਯਾਹ ਨੇ ਪਰਚਾਰ ਕਰਨਾ ਜਾਰੀ ਰੱਖਿਆ ਅਤੇ ਪਰਮੇਸ਼ਵਰ ਤੇ ਭਰੋਸਾ ਰੱਖਿਆ।

ਜ਼ੇਲ ਵਿੱਚੋਂ ਬਾਹਰ ਆਉਣ ਤੋਂ ਬਾਅਦ ਯਿਰਮਿਯਾਹ ਨੇ ਬਾਦਸ਼ਾਹ ਅਤੇ ਲੋਕਾਂ ਨੂੰ ਫ਼ਿਰ ਪਰਚਾਰ ਕੀਤਾ ਕੀ ਉਹ ਪਰਮੇਸ਼ਵਰ ਵੱਲ ਮੁੜਣ ਅਤੇ ਆਪਣਾ ਭਰੋਸਾ ਉਸ ਉੱਤੇ ਰੱਖਣ। ਇਸ ਸਮੇ, ਬਾਦਸ਼ਾਹ ਨੇ ਯਿਰਮਿਯਾਹ ਨੂੰ ਮਿੱਟੀ ਵਾਲੇ ਡੂੰਘੇ ਖੱਡੇ ਵਿੱਚ ਉਤਾਰ ਦਿੱਤਾ।



ਪਰ ਪਰਮੇਸ਼ਵਰ ਨੇ ਬਾਦਸ਼ਾਹ ਦੇ ਦਿਲ ਵਿੱਚ ਕੰਮ ਕੀਤਾ। ਉਸਨੇ ਚੁਪਕੇ ਜਿਹੇ ਯਿਰਮਿਯਾਹ ਨੂੰ ਬਚਾਇਆ ਅਤੇ ਉਸ ਨੂੰ ਪੁੱਛਿਆ ਪਰਮੇਸ਼ਵਰ ਕੀ ਚਾਹੁੰਦਾ ਹੈ ਜੋ ਬਾਦਸ਼ਾਹ ਕਰੇ।



“ਗੁਲਾਮੀ ਦੇ ਵਿੱਚ ਜਾਹ ਅਤੇ ਪਰਮੇਸ਼ਵਰ ਨੇ ਕਿਹਾ ਹੈ ਤੂੰ ਜੀਵੇਂਗਾ,” ਇਹ ਉੱਤਰ ਸੀ।



ਬੇਬੀਲੋਨ ਦੀ ਸੈਨਾ ਨੇ ਯਰੂਸ਼ਲਮ ਅਤੇ ਸਾਰੇ ਯਹੂਦਾ ਨੂੰ ਬੰਦੀ ਬਣਾ ਲਿਆ। ਉਹਨਾਂ ਨੇ ਕੰਧਾਂ ਅਤੇ ਸਾਰੀਆਂ ਇਮਾਰਤਾਂ ਨੂੰ ਥੱਲੇ ਸੁੱਟ ਦਿੱਤਾ



ਅਤੇ ਸਭ ਕੁਝ ਸਾੜ ਦਿੱਤਾ।


ਪਰਮੇਸ਼ਵਰ ਨੇ ਆਖਿਆ ਸੀ ਕੀ
ਉਸਦੇ ਲੋਕ ਸੱਤਰ ਸਾਲਾਂ (70)
ਲਈ ਗੁਲਾਮੀ ਦੇ ਵਿੱਚ ਜਾਣਗੇ,
ਅਤੇ ਉਹ ਫ਼ਿਰ
ਉਹਨਾਂ ਨੂੰ
ਵਾਇਦੇ ਦੇ
ਦੇਸ਼
ਵਿੱਚ ਵਾਪਸ
ਲੈ ਆਵੇਗਾ।

# ਯਿਰਮਿਯਾਹ, ਦੁੱਖਾਂ ਵਾਲਾ ਆਦਮੀ

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

ਯਿਰਮਿਯਾਹ

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130

# ਸਮਾਪਤ

ਇਹ ਬਾਈਬਲ ਦੀ ਕਹਾਣੀ ਸਾਨੂੰ ਸਾਡੇ ਅਨੋਖੇ ਪਰਮੇਸ਼ਵਰ ਦੇ ਬਾਰੇ ਦੱਸਦੀ ਹੈ, ਜਿਸ ਨੇ ਸਾਨੂੰ ਬਣਾਇਆ ਅਤੇ ਉਹ ਚਾਹੁੰਦਾ ਹੈ ਕਿ ਅਸੀ ਉਸਨੂੰ ਜਾਣੀਏ।

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੁਰੇ ਕੰਮ ਕੀਤੇ ਹਨ। ਜਿਨ੍ਹਾਂ ਨੂੰ ਉਹ ਪਾਪ ਕਹਿੰਦਾ ਹੈ।ਪਾਪ ਦੀ ਸਜ਼ਾ ਮੌਤ ਹੈ, ਪਰ ਪਰਮੇਸ਼ਵਰ ਤੁਹਾਨੂੰ ਬਹੁਤ ਪਿਆਰ ਕਰਦਾ ਹੈ।ਇਸ ਲਈ ਉਸਨੇ ਆਪਣੇ ਇਕਲੌਤੇ ਪੁੱਤਰ ਯਿਸੂ ਨੂੰ ਭੇਜਿ਼ਆਂ, ਕਿ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ ਸਾਡੇ ਗੁਨਾਹਾਂ ਲਈ ਸ਼ਜਾ ਪਾਵੇ।ਤਦ ਯਿਸੂ ਮੁਰਦਿਆਂ ਵਿੱਚੋ ਜੀ ਉਠਿਆਂ ਅਤੇ ਆਪਣੇ ਸਵਰਗੀ ਘਰ ਨੂੰ ਵਾਪਿਸ ਪਰਤ ਗਿਆ।ਜ਼ੇਕਰ ਤੁਸੀ ਯਿਸੂ ਉਤੇ ਵਿਸ਼ਵਾਸ਼ ਕਰਕੇ ਆਪਣੇ ਪਾਪਾ ਲਈ ਮੁਆਫੀ ਮੰਗਦੇ ਹੋ ਤਾਂ ਉਹ ਤੁਹਾਡੇ ਲਈ ਇਹ ਕਰੇਗਾ।ਉਹ ਆਵੇਗਾ ਅਤੇ ਹੁਣ ਤੁਹਾਡੇ ਵਿੱਚ ਵੱਸੇਗਾ, ਅਤੇ ਤੁਸੀ ਉਸਦੇ ਨਾਲ ਹਮੇਸ਼ਾ ਤੱਕ ਵੱਸੋਗੇ।

ਜ਼ੇਕਰ ਤੁਸੀ ਵਿਸ਼ਵਾਸ਼ ਕਰਦੇ ਹੋ ਕਿ ਇਹ ਸੱਚਾਈ ਹੈ ਤਾਂ ਪਰਮੇਸ਼ਵਰ ਨੂੰ ਇਹ ਆਖੋ ਪਿਆਰੇ ਯਿਸੂ, ਮੈ ਵਿਸ਼ਵਾਸ਼ ਕਰਦਾ ਹਾਂ ਕਿ ਤੁਸੀ ਪਰਮੇਸ਼ਵਰ ਹੋ, ਅਤੇ ਤੁਸੀ ਇਨਸਾਨ ਬਣੇ ਕਿ ਮੇਰੇ ਪਾਪਾਂ ਲਈ ਮਰੋ ਅਤੇ ਹੁਣ ਤੁਸੀ ਜਿੰਦਾ ਹੋ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਪਾਪਾਂ ਨੂੰ ਮੁਆਫ਼ ਕਰੋ, ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ, ਅਤੇ ਇੱਕ ਦਿਨ ਤੁਹਾਡੇ ਨਾਲ ਹਮੇਸ਼ਾਂ ਦੇ ਲਈ ਜਾਵਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੀ ਆਗਿਆ ਨੂੰ ਮੰਨਾ ਅਤੇ ਤੁਹਾਡੇ ਲਈ ਜੀਵਾਂ, ਤੁਹਾਡਾ ਬੱਚਾ ਬਣ ਕੇ ਆਮੀਨ।

ਪਰਮੇਸ਼ਵਰ ਦੇ ਵਚਨ ਨੂੰ ਪੜੋ ਅਤੇ ਰੋਜ਼ਾਨਾਂ ਉਸਦੇ ਨਾਲ ਗੱਲਬਾਤ ਕਰੋ। ਯਹੂੰਨਾ ਦੀ ਇੰਜ਼ੀਲ 3:16